Transport for NSW

# ਸੜਕ ਸੁਰੱਖਿਆ




## ਸਕੂਲੀ ਬੱਸਾਂ ਦੇ ਨੇੜੇ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣਾ

ਬੱਸਾਂ, ਵਾਹਨ ਚਾਲਕਾਂ ਨੂੰ ਚੇਤਾਵਨੀ ਦੇਣ ਲਈ ਸੰਕੇਤਾਂ ਅਤੇ ਜਗਦੀਆਂ-ਬੁਝਦੀਆਂ ਲਾਈਟਾਂ ਦੀ ਵਰਤੋਂ ਕਰਦੀਆਂ ਹਨ ਕਿ ਉਹ ਸਕੂਲੀ ਬੱਚਿਆਂ ਨੂੰ ਚੜ੍ਹਾ ਜਾਂ ਉਤਾਰ ਰਹੀਆਂ ਹਨ, ਅਤੇ ਇਹ ਕਿ ਬੱਚੇ ਸੜਕ ਪਾਰ ਕਰ ਰਹੇ ਹੋ ਸਕਦੇ ਹਨ ਜਾਂ ਕਰਨ ਵਾਲੇ ਹੋ ਸਕਦੇ ਹਨ।

ਕਾਨੂੰਨ ਅਨੁਸਾਰ, ਜਦੋਂ ਲਾਈਟਾਂ ਜਗ-ਬੁੱਝ ਰਹੀਆਂ ਹੋਣ, ਤਾਂ ਤੁਸੀਂ ਬੱਸ ਦੇ ਕੋਲੋਂ ਉਸੇ ਦਿਸ਼ਾ ਵਿੱਚ 40 ਕਿ.ਮੀ. /ਘੰਟਾ ਤੋਂ ਵੱਧ ਰਫ਼ਤਾਰ ਨਾਲ ਨਹੀਂ ਲੰਘ ਸਕਦੇ, ਭਾਵੇਂ ਬੱਸ ਰੁਕੀ ਹੋਵੇ ਜਾਂ ਚੱਲ ਰਹੀ ਹੋਵੇ।

ਬੱਸਾਂ ਜਲਦੀ ਨਹੀਂ ਰੁਕ ਸਕਦੀਆਂ ਕਿਉਂਕਿ ਉਹ ਵੱਡੀਆਂ ਅਤੇ ਭਾਰੀ ਵਾਹਨ ਹੁੰਦੀਆਂ ਹਨ। ਉਹਨਾਂ ਵਿੱਚ ਹੋਰ ਵਾਹਨਾਂ ਦੇ ਮੁਕਾਬਲੇ ਬਹੁਤ ਵੱਡੇ ਬਲਾਇੰਡ ਸਪੌਟ ਵੀ ਹੋ ਸਕਦੇ ਹਨ। ਇਸ ਲਈ, ਯਾਦ ਰੱਖੋ:

- ਬੱਸ ਦੀਆਂ ਲਾਈਟਾਂ ਜਗਦੀਆਂ-ਬੁਝਦੀਆਂ ਹੋਣ ‘ਤੇ ਰਫ਼ਤਾਰ ਨੂੰ 40 ਕਿ.ਮੀ./ਘੰਟਾ ਤੱਕ ਘਟਾਓ, ਜਦੋਂ ਤੱਕ ਕੋਈ ਹੋਰ ਘੱਟ ਗਤੀ ਸੀਮਾ ਲਾਗੂ ਨਾ ਹੋਵੇ
- ਸੜਕ ਪਾਰ ਕਰ ਰਹੇ ਜਾਂ ਪਾਰ ਕਰਨ ਵਾਲੇ ਬੱਚਿਆਂ ਬਾਰੇ ਸਾਵਧਾਨ ਰਹੋ
- ਕਦੇ ਵੀ ਬੱਸ ਸਟਾਪ ਜਾਂ ਬੱਸ ਜ਼ੋਨ ਦੇ ਵਿੱਚ ਜਾਂ ਉਸ ਦੇ ਨੇੜੇ ਪਾਰਕ ਨਾ ਕਰੋ
- ਬੱਸਾਂ ਨੂੰ ਰਾਹ ਦਿਓ।

### ਬੇਕਾਇਦਾ ਸਕੂਲ ਬੱਸ ਸਟਾਪ

ਪੇਂਡੂ ਅਤੇ ਦਿਹਾਤੀ ਖੇਤਰਾਂ ਵਿੱਚ ਬਹੁਤ ਸਾਰੇ ਬੇਕਾਇਦਾ ਸਕੂਲ ਬੱਸ ਸਟਾਪ ਹਨ ਜਿਨ੍ਹਾਂ ਵਿੱਚ ਕੋਈ ਚਿੰਨ੍ਹ ਜਾਂ ਢਾਂਚਾ ਨਹੀਂ ਹੈ, ਜਿਵੇਂ ਕਿ ਬੱਸ ਸ਼ੈਲਟਰ। ਉਹ ਡਰਾਈਵ-ਵੇਅ ਦੇ ਅਖੀਰ ਵਿੱਚ ਜਾਂ ਸੜਕ ਦੇ ਕਿਨਾਰੇ ਹੋ ਸਕਦੇ ਹਨ, ਜਿਸ ਨਾਲ ਬੱਚਿਆਂ ਨੂੰ ਦੇਖਣਾ ਥੋੜ੍ਹਾ ਮੁਸ਼ਕਲ ਹੋ ਸਕਦਾ ਹੈ।

ਜਦੋਂ ਬੱਸ ਦੀਆਂ ਲਾਈਟਾਂ ਜਗ-ਬੁੱਝ ਰਹੀਆਂ ਹੋਣ, ਤਾਂ ਗਤੀ 40 ਕਿ.ਮੀ./ਘੰਟਾ ‘ਤੇ ਰੱਖੋ, ਸੰਕੇਤਾਂ ਦੀ ਪਾਲਣਾ ਕਰੋ ਅਤੇ ਸੜਕ ਪਾਰ ਕਰਨ ਵਾਲੇ ਬੱਚਿਆਂ ਪ੍ਰਤੀ ਸਾਵਧਾਨ ਰਹੋ। ਇੱਕ ਖੜ੍ਹੀ ਬੱਸ ਬੱਚਿਆਂ ਨੂੰ ਦਿਖਾਈ ਦੇਣ ਤੋਂ ਰੋਕ ਸਕਦੀ ਹੈ, ਇਸ ਲਈ ਡਰਾਈਵਰਾਂ ਨੂੰ ਹੌਲੀ ਕਰਨ ਦੀ ਲੋੜ ਹੁੰਦੀ ਹੈ।

**ਬੱਚੇ ਤੁਹਾਡੇ ਤੋਂ ਸੜਕ ‘ਤੇ ਸੁਰੱਖਿਅਤ ਰਹਿਣ ਦੀਆਂ ਆਦਤਾਂ ਸਿੱਖਦੇ ਹਨ ਅਤੇ ਇਨ੍ਹਾਂ ਨੂੰ ਉਦੋਂ ਵੀ ਜਾਰੀ ਰੱਖਦੇ ਹਨ ਜਦੋਂ ਉਹ ਇਕੱਲੇ ਸਫ਼ਰ ਕਰਨ ਦੀ ਉਮਰ ਦੇ ਹੋ ਜਾਂਦੇ ਹਨ।**

ਬੱਚਿਆਂ ਨੂੰ ਸੜਕ ਦੇ ਮਾਹੌਲ ਵਿੱਚ ਸੁਰੱਖਿਅਤ ਰੱਖਣ ਬਾਰੇ ਵਧੇਰੇ ਜਾਣਕਾਰੀ ਲਈ, **safetytown.com.au** ‘ਤੇ ਪਰਿਵਾਰ ਸੈਕਸ਼ਨ ‘ਤੇ ਜਾਓ।

ਸਟਾਕ ਕੋਡ 45095298 ਜੂਨ 2024 © Transport for NSW

NSW GOVERNMENT

NSW ਦੀਆਂ ਸੜਕਾਂ ‘ਤੇ ਬਹੁਤ ਸਾਰੀਆਂ ਜਾਨਾਂ ਗਈਆਂ ਹਨ।
**ਸਾਡਾ ਟੀਚਾ ਜ਼ੀਰੋ ਹੈ।**

TOWARDS ZERO